ਪੰਜਾਬ ਸਕੂਲ ਸਿੱਖਿਆ ਬੋਰਡ ਐਨ-1-ਏ-(14,000)

ਵੱਲੋਂ

ਸਕੱਤਰ,
ਪੰਜਾਬ ਸਕੂਲ ਸਿੱਖਿਆ ਬੋਰਡ,
ਐਸ.ਏ.ਐਸ ਨਗਰ (ਮੋਹਾਲੀ)160062

ਵੱਲ

ਰਾਜ ਦੇ ਸਮੂਹ ਸਕੂਲਾਂ ਦੇ ਮੁੱਖੀ,
ਸਰਕਾਰੀ/ਏਡਿਡ/ਐਸੋਸੀਏਟਿਡ/
ਐਫੀਲੀਏਟਿਡ, ਹਾਈ/ਸੀਨੀ.ਸੈਕੰ.ਸਕੂਲ

ਪੱਤਰ ਨੰ: ਪਸਸਬ-ਰਜਿ/ਮਾਈ /2013-14/5551-19550 ਮਿਤੀ :ਮੋਹਾਲੀ 21-03-2013

ਵਿਸ਼ਾ:-ਦਾਖਲਾ ਸਾਲ/ਸੈਸ਼ਨ 2013-2014 ਲਈ ਨੌਵੀਂ/ਦਸਵੀਂ ਸ਼੍ਰੇਣੀ ਵਿੱਚ ਵਿਦਿਆਰਥੀਆਂ ਦੇ ਦਾਖਲੇ ਸਬੰਧੀ ਯੋਗਤਾਵਾਂ ਅਤੇ ਸ਼ਰਤਾਂ।

ਨੌਵੀਂ/ਦਸਵੀਂ ਸ਼੍ਰੇਣੀ ਵਿੱਚ ਵਿਦਿਆਰਥੀਆਂ ਦੇ ਦਾਖਲੇ ਲਈ ਹੇਠ ਲਿਖੀਆਂ ਅਗਵਾਈ ਲੀਹਾਂ ਅਨੁਸਾਰ ਲੋੜੀਂਦੀ ਕਾਰਵਾਈ ਕੀਤੀ ਜਾਵੇ:-

1) ਸੰਸਥਾ ਦਾ ਬੋਰਡ ਨਾਲ ਐਫੀਲੀਏਟਿਡ/ਐਸੋਸੀਏਟਿਡ ਹੋਣਾ ਜ਼ਰੂਰੀ ਹੈ, ਜਦੋਂ ਵੀ ਸਕੂਲ ਵੱਲੋਂ ਬੋਰਡ ਨਾਲ ਕੋਈ ਪੱਤਰ-ਵਿਹਾਰ ਕਰਨਾ ਹੈ, ਸਕੂਲ ਵੱਲੋਂ ਭੇਜੇ ਗਏ ਪੱਤਰ ਵਿੱਚ ਸ਼ਨਾਖਤੀ ਨੰਬਰ ਲੱਗਿਆ ਹੋਣਾ ਚਾਹੀਦਾ ਹੈ।

2) ਬੋਰਡ ਵੱਲੋਂ ਪ੍ਰਵਾਨਿਤ ਦਾਖਲਾ ਖਾਰਜ਼ ਰਜਿਸਟਰ ਲਗਾਏ ਜਾਣ।

3) ਨੌਵੀਂ ਸ਼੍ਰੇਣੀ ਵਿੱਚ ਉਹ ਵਿਦਿਆਰਥੀ ਹੀ ਦਾਖਲ ਕੀਤੇ ਜਾਣ, ਜਿਨ੍ਹਾਂ ਨੇ ਅੱਠਵੀਂ ਸ਼੍ਰੇਣੀ ਦੀ ਪਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਰਕਾਰੀ/ ਐਫੀਲੀਏਟਿਡ /ਏਡਿਡ/ਐਸੋਸੀਏਟਿਡ ਸਕੂਲ ਤੋਂ ਪਾਸ ਕੀਤੀ ਹੋਵੇ।

4) ਦਸਵੀਂ ਸ਼੍ਰੇਣੀ ਵਿੱਚ ਉਹ ਵਿਦਿਆਰਥੀ ਹੀ ਦਾਖਲ ਕੀਤੇ ਜਾਣ, ਜਿਨ੍ਹਾਂ ਨੇ ਨੌਵੀਂ ਸ਼੍ਰੇਣੀ ਸਰਕਾਰੀ/ਏਡਿਡ/ਬੋਰਡ ਨਾਲ ਐਫੀਲੀਏਟਿਡ/ ਐਸੋਸੀਏਟਿਡ ਸਕੂਲ ਤੋਂ ਹੀ ਪਾਸ ਕੀਤੀ ਹੋਵੇ।

5) ਨਿਰਧਾਰਿਤ ਸ਼ਰਤਾਂ ਅਨੁਸਾਰ ਦਸਵੀਂ ਸ਼੍ਰੇਣੀ ਵਿੱਚ ਦਾਖਲੇ ਉਪਰੰਤ ਸਬੰਧਿਤ ਬੋਰਡ ਵੱਲੋਂ ਜਿੰਨ੍ਹਾ ਵਿਦਿਆਰਥੀਆਂ ਦਾ ਨਤੀਜਾ ਫੇਲ ਘੋਸ਼ਿਤ ਕੀਤਾ ਜਾਂਦਾ ਹੈ, ਉਹ ਵਿਦਿਆਰਥੀ ਦਸਵੀਂ ਸ਼੍ਰੇਣੀ ਵਿੱਚ ਰੈਗੂਲਰ ਦਾਖਲਾ ਲੈਣ ਦੇ ਯੋਗ ਹੋਣਗੇ।

6) ਬੋਰਡ ਵੱਲੋਂ ਪ੍ਰਵਾਨਿਤ ਸੀਟਾਂ ਅਨੁਸਾਰ ਹੀ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਜਾਵੇ।

7) ਦਸਵੀਂ ਸ਼੍ਰੇਣੀ ਦੀ ਪਰੀਖਿਆ ਲਈ ਦਾਖਲਾ ਫਾਰਮ ਭੇਜਣ ਤੋਂ ਪਹਿਲਾਂ ਇਹ ਯਕੀਨੀ ਬਣਾਇਆ ਜਾਵੇ ਕਿ ਕੀ ਵਿਦਿਆਰਥੀਆਂ ਦੇ ਰਜਿਸਟਰੇਸ਼ਨ ਨੰਬਰ ਅਲਾਟ ਹੋ ਚੁੱਕੇ ਹਨ।

8) ਬੋਰਡ ਵੱਲੋਂ ਜਾਰੀ ਦਾਖਲਾ ਸ਼ਡਿਊਲ ਵਿੱਚ ਦਰਸਾਈਆਂ ਮਿਤੀਆਂ ਖਤਮ ਹੋਣ ਉਪਰੰਤ ਸਕੂਲ ਮੁੱਖੀ ਵੱਲੋਂ ਕਿਸੇ ਵੀ ਵਿਦਿਆਰਥੀ ਨੂੰ ਆਪਣੇ ਪੱਧਰ ਤੇ ਦਾਖਲਾ ਨਾ ਦਿੱਤਾ ਜਾਵੇ।

9) ਸੈਸ਼ਨ ਦੌਰਾਨ ਨੌਵੀਂ/ਦਸਵੀਂ ਸ਼੍ਰੇਣੀ ਵਿੱਚ ਜੇ ਕੋਈ ਵਿਦਿਆਰਥੀ ਦਾਖਲਾ ਸ਼ਡਿਊਲ ਵਿੱਚ ਦਰਸਾਈਆਂ ਮਿਤੀਆਂ ਪਿਛੋਂ ਸਕੂਲ ਬਦਲਦਾ ਹੈ ਤਾਂ ਉਸ ਲਈ ਇਹ ਜ਼ਰੂਰੀ ਹੋਵੇਗਾ ਕਿ ਉਹ ਇਸ ਸਬੰਧੀ ਬੋਰਡ ਤੋਂ ਮਾਈਗਰੇਸ਼ਨ ਸਰਟੀਫਿਕੇਟ ਪ੍ਰਾਪਤ ਕਰੇ। ਮਾਈਗਰੇਸ਼ਨ ਠੋਸ ਕਾਰਨਾ ਦੇ ਆਧਾਰ ਤੇ ਹੀ ਕੀਤੀ ਜਾਵੇਗੀ।

10) **ਨੌਵੀਂ/ਦਸਵੀਂ ਸ਼੍ਰੇਣੀ ਦੀ ਸਕੂਲ ਤੋਂ ਸਕੂਲ ਮਾਈਗਰੇਸ਼ਨ 31 ਦਸੰਬਰ ਤੱਕ 1000/- ਰੁ: ਫੀਸ ਨਾਲ ਕੀਤੀ ਜਾਵੇਗੀ। ਇਸ ਤੋਂ ਬਾਅਦ 1500/- ਰੁ: ਫੀਸ ਨਾਲ ਵਿਰਲੇ ਕੇਸਾਂ ਵਿੱਚ ਜਿਵੇਂ ਮਾਤਾ/ਪਿਤਾ/ਗਾਰਡੀਅਨ ਦੀ ਬਦਲੀ/ਅਚਾਨਕ ਮੌਤ ਹੋਣ ਦੀ ਸੂਰਤ ਵਿੱਚ ਮਾਈਗ੍ਰੇਸ਼ਨ ਮਾਨਯੋਗ ਚੇਅਰਮੈਨ ਸਾਹਿਬ ਵੱਲੋਂ ਆਗਿਆ ਦੇਣ ਉਪਰੰਤ ਹੀ ਕੀਤੀ ਜਾਵੇਗੀ। ਅਜਿਹਾ ਕਰਨ ਲਈ ਵਿਦਿਆਰਥੀ ਸਕੂਲ ਤੋਂ ਸਕੂਲ ਮਾਈਗਰੇਸ਼ਨ ਫਾਰਮ ਦੋਵੇਂ ਸਕੂਲ ਮੁਖੀਆਂ ਤੋਂ ਤਸਦੀਕ ਕਰਵਾਉਣਗੇ।**

11) ਯੋਗਤਾ ਸਬੰਧੀ ਜ਼ਿੰਮੇਵਾਰੀ ਨਿਰੋਲ ਸਕੂਲ ਮੁੱਖੀ ਦੀ ਹੈ। ਇਸ ਲਈ ਦਾਖਲੇ ਸਬੰਧੀ ਯੋਗਤਾਵਾਂ ਅਤੇ ਸ਼ਰਤਾਂ ਨੂੰ ਮੁੱਖ ਰੱਖ ਕੇ ਹੀ ਵਿਦਿਆਰਥੀਆਂ ਦੇ ਦਾਖਲੇ ਪ੍ਰਵਾਨ ਕੀਤੇ ਜਾਣ। ਇਸ ਮਕਸਦ ਲਈ ਇੱਕ ਦਾਖਲਾ ਪੜਤਾਲ ਕਮੇਟੀ ਬਣਾਈ ਜਾਵੇ ਜੋ ਪੂਰਵ ਘੋਖ ਕਰਕੇ ਯੋਗਤਾ ਚੈੱਕ ਕਰੇ ਤਾਂ ਜੋ ਕੋਈ ਅਯੋਗ ਵਿਦਿਆਰਥੀ ਦਾਖਲ ਨਾ ਹੋ ਸਕੇ।

12) (ੳ) ਜਿਨ੍ਹਾਂ ਵਿਦਿਆਰਥੀਆਂ ਨੇ ਨੌਵੀਂ ਸ਼੍ਰੇਣੀ ਵਿੱਚ ਸਾਲ/ਸੈਸ਼ਨ 2013-14 ਵਿੱਚ ਦਾਖਲਾ ਲਿਆ ਹੈ ਅਤੇ ਬੋਰਡ ਵੱਲੋਂ ਪਹਿਲਾਂ ਰਜਿਸਟਰੇਸ਼ਨ ਨੰਬਰ ਅਲਾਟ ਨਹੀਂ ਹੋਇਆ, ਉਨ੍ਹਾਂ ਦੇ ਵੇਰਵੇ ਨੌਵੀਂ ਸ਼੍ਰੇਣੀ ਵਿੱਚ ਹੀ ਫਾਰਮ ਨੰਬਰ N-1 ਵਿੱਚ 1 ਪਰਤ ਵਿੱਚ ਭਰ ਕੇ ਭੇਜੇ ਜਾਣ।

(ਅ) ਜਿਨ੍ਹਾਂ ਵਿਦਿਆਰਥੀਆਂ ਨੂੰ ਅੱਠਵੀਂ ਸ਼੍ਰੇਣੀ ਵਿੱਚ ਪਹਿਲਾਂ ਹੀ ਰਜਿ: ਨੰ. ਅਲਾਟ ਹੋ ਚੁੱਕਾ ਹੈ, ਉਨ੍ਹਾਂ ਦੇ ਵੇਰਵੇ ਨੌਵੀਂ ਸ਼੍ਰੇਣੀ ਲਈ ਫਾਰਮ ਨੰ. ਐਨ-3 ਵਿੱਚ ਇੱਕ ਪਰਤ ਵਿੱਚ ਭਰਕੇ ਭੇਜੇ ਜਾਣ।

(ੲ) ਸਾਲ/ਸੈਸ਼ਨ 2013-14 ਵਿੱਚ ਦਸਵੀਂ ਸ਼੍ਰੇਣੀ ਦੀ ਕੰਟੀਨਿਊਏਸ਼ਨ ਰਿਟਰਨ ਨਾ ਭੇਜੀ ਜਾਵੇ ਕੇਵਲ ਬਾਹਰਲੇ ਬੋਰਡਾਂ ਤੋਂ ਆਏ ਵਿਦਿਆਰਥੀਆਂ ਦੇ ਵੇਰਵੇ ਫਾਰਮ ਐਮ-2 ਵਿੱਚ ਤਿੰਨ ਪਰਤਾਂ ਵਿੱਚ ਭੇਜੇ ਜਾਣ।

13) ਜਿਨ੍ਹਾਂ ਵਿਦਿਆਰਥੀਆਂ ਨੇ ਅੱਠਵੀਂ/ਨੌਵੀਂ ਦੀ ਪਰੀਖਿਆ ਕਿਸੇ ਹੋਰ ਬੋਰਡ ਤੋਂ ਪਾਸ ਕੀਤੀ ਹੈ ਉਨ੍ਹਾਂ ਵਿਦਿਆਰਥੀਆਂ ਨੂੰ ਸਕੂਲ ਮੁੱਖੀ ਆਰਜ਼ੀ ਤੌਰ ਤੇ ਬੋਰਡ ਵੱਲੋਂ ਤੈਅ ਹੋਈਆਂ ਮਿਤੀਆਂ ਤੱਕ ਨੌਵੀਂ/ਦਸਵੀਂ ਸ਼੍ਰੇਣੀ ਵਿੱਚ ਦਾਖਲਾ ਦੇ ਸਕਦੇ ਹਨ। ਨੌਵੀਂ ਲਈ ਵੇਰਵੇ ਫਾਰਮ ਐਨ-2 ਅਤੇ ਦਸਵੀਂ ਲਈ ਵੇਰਵੇ ਐਮ-2 ਵਿੱਚ ਭੇਜੇ ਜਾਣ, ਰਜਿਸਟਰੇਸ਼ਨ ਫੀਸ 1000/- ਰੁ: ਪ੍ਰਤੀ ਵਿਦਿਆਰਥੀ ਹੋਵੇਗੀ। ਅਜਿਹੇ ਵਿਦਿਆਰਥੀਆਂ ਨੂੰ ਦਾਖਲ ਕਰਨ ਸਮੇਂ ਹੇਠ ਲਿਖੇ ਅਨੁਸਾਰ ਦਸਤਾਵੇਜ਼ ਲਏ ਜਾਣ ਅਤੇ ਰਜਿ. ਰਿਟਰਨ ਦੇ ਨਾਲ ਦਸਤਾਵੇਜ਼ ਰਜਿਸਟਰੇਸ਼ਨ ਸ਼ਾਖਾ ਨੂੰ ਭੇਜੇ ਜਾਣ ।

(ੳ) ਬੋਰਡ ਦਾ ਅਸਲ ਮਾਈਗਰੇਸ਼ਨ ਸਰਟੀਫਿਕੇਟ (ਜਿਥੇ ਲਾਗੂ ਹੋਵੇ) ਭੇਜਿਆ ਜਾਵੇ।

(ਅ) ਜਿਸ ਸ਼੍ਰੇਣੀ ਵਿੱਚ ਦਾਖਲ ਹੋਣਾ ਹੈ, ਉਸ ਤੋਂ ਪਹਿਲੀ ਸ਼੍ਰੇਣੀ ਪਾਸ ਕਰਨ ਦਾ ਸਬੂਤ (ਡੀ.ਐਮ.ਸੀ) ਦੀ ਫੋਟੋ ਕਾਪੀ ਸਬੰਧਤ ਸਕੂਲ ਮੁਖੀ ਤੋਂ ਤਸਦੀਕ ਕਰਵਾਕੇ ਭੇਜੀ ਜਾਵੇ ।

(ੲ) ਵਿੱਦਿਅਕ ਸੈਸ਼ਨ ਦੌਰਾਨ ਜਾਂ ਹੇਠਲੀ ਪਰੀਖਿਆ ਪਾਸ ਕਰਨ ਉਪਰੰਤ ਸਕੂਲ ਛੱਡਣ ਦਾ ਸਰਟੀਫਿਕੇਟ ਸਬੰਧਤ ਬੋਰਡ ਦੇ ਅਧਿਕਾਰੀ ਜਾਂ ਜ਼ਿਲ੍ਹਾ ਸਿੱਖਿਆ ਅਫ਼ਸਰ ਦੁਆਰਾ ਪ੍ਰਤੀ ਹਸਤਾਖਰ ਕੀਤਾ ਹੋਣਾ ਚਾਹੀਦਾ ਹੈ।

(ਸ) ਪੰਜਾਬ ਸਕੂਲ ਸਿੱਖਿਆ ਬੋਰਡ ਦੀ ਪਰੀਖਿਆ ਦੇ ਬਰਾਬਰ ਦੀ ਯੋਗਤਾ ਦਾ ਸਮਾਨਤਾ-ਪੱਤਰ (ਜੋ ਕਿ ਬੋਰਡ ਦੀ ਅਕਾਦਮਿਕ ਸ਼ਾਖਾ ਵੱਲੋਂ ਅਸਲ ਸਰਟੀਫਿਕੇਟ ਦੇ ਆਧਾਰ ਤੇ ਜਾਰੀ ਕੀਤਾ ਜਾਂਦਾ ਹੈ।) ਹੇਠਲੀ ਪ੍ਰੀਖਿਆ ਸੀ.ਬੀ.ਐਸ.ਈ, ਆਈ.ਸੀ.ਐਸ.ਈ, ਹਰਿਆਣਾ, ਹਿਮਾਚਲ, ਜੰਮੂ ਕਸ਼ਮੀਰ ਅਤੇ ਰਾਜਸਥਾਨ ਬੋਰਡ ਤੋਂ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਛੱਡ ਕੇ ਬਾਕੀ ਬੋਰਡਾਂ ਵਾਲੇ ਵਿਦਿਆਰਥੀਆਂ ਦੇ ਕੇਸਾਂ ਵਿੱਚ ਪੰਜਾਬ ਬੋਰਡ ਦੀ ਅਕਾਦਮਿਕ ਸ਼ਾਖਾ ਤੋਂ ਸਮਾਨਤਾ ਪੱਤਰ ਪ੍ਰਾਪਤ ਕਰਕੇ ਪੇਸ਼ ਕੀਤੇ ਜਾਣ।

14) ਬੋਰਡ ਵੱਲੋਂ ਜਾਰੀ ਦਾਖਲਾ ਸ਼ਡਿਊਲ ਦੀਆਂ ਮਿਤੀਆਂ ਖਤਮ ਹੋਣ ਉਪਰੰਤ ਦੂਜੇ ਰਾਜ/ਬੋਰਡ ਤੋਂ ਪੜ੍ਹਦੇ ਆ ਰਹੇ ਵਿਦਿਆਰਥੀ ਨੂੰ ਕਿਸੇ ਵੀ ਸੂਰਤ ਵਿੱਚ ਨੌਂਵੀਂ/ਦਸਵੀਂ ਸ਼੍ਰੇਣੀ ਦੇ ਦਾਖਲੇ ਸਬੰਧੀ ਨਿਰਧਾਰਿਤ ਇੰਟਰਬੋਰਡ ਮਾਈਗਰੇਸ਼ਨ ਫਾਰਮ ਤੇ ਰਜਿਸਟਰੇਸ਼ਨ ਸ਼ਾਖਾ ਵੱਲੋਂ ਪੂਰਵ ਪ੍ਰਵਾਨਗੀ ਲਏ ਬਿਨਾਂ ਦਾਖਲ ਨਾ ਕੀਤਾ ਜਾਵੇ। ਮਾਈਗਰੇਸ਼ਨ ਹੋਣ ਉਪਰੰਤ ਵਿਦਿਆਰਥੀ ਨੂੰ 15 ਦਿਨ ਦੇ ਅੰਦਰ-ਅੰਦਰ ਸਕੂਲ ਵਿੱਚ ਦਾਖਲਾ ਲੈ ਲੈਣਾ ਚਾਹੀਦਾ ਹੈ । ਦਾਖਲਾ ਨਾ ਲੈਣ ਦੀ ਸੂਰਤ ਵਿੱਚ ਪ੍ਰਵਾਨਗੀ ਰੱਦ ਹੋਈ ਸਮਝੀ ਜਾਵੇਗੀ । ਰੱਦ ਹੋਈ ਪ੍ਰਵਾਨਗੀ ਵਾਲੇ ਵਿਦਿਆਰਥੀ ਨੂੰ ਵਿਸ਼ੇਸ਼ ਹਲਾਤਾਂ ਵਿੱਚ ਦੁਬਾਰਾ ਪ੍ਰਵਾਨਗੀ ਮੁੜ ਫੀਸ ਜਮਾਂ ਕਰਵਾਉਣ ਤੇ ਹੀ ਦਿੱਤੀ ਜਾਵੇਗੀ।

**ਦਾਖਲੇ ਸਬੰਧੀ ਯੋਗਤਾਵਾਂ ਅਤੇ ਸ਼ਰਤਾਂ ਸਬੰਧੀ ਪੱਤਰ ਬੋਰਡ ਦੀ ਵੈੱਬਸਾਈਟ www.pseb.ac.in/Registration Section ਤੇ ਉਪਲੱਬਧ ਹਨ।**

ਡਾਇਰੈਕਟਰ (ਕੰਪਿ: ਸੈਲ)

ਵਾਸਤੇ ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ